a2zpapers.com

**Exam. Code : 103206**
**Subject Code : 1190**

## B.A./B.Sc. Semester—VI
## PUNJABI COMPULSORY

Time Allowed—3 Hours] [Maximum Marks—50

1. ਸਾਂਝ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

ਜਾਂ

ਘੋਟਣਾ ਕਹਾਣੀ ਦਾ ਵਿਸ਼ਾ-ਵਸਤੂ ਬਿਆਨ ਕਰੋ। 10

2. 'ਆਓ ਗੱਲਾਂ ਕਰੀਏ' ਨਿਬੰਧ ਦਾ ਵਿਸ਼ਾ-ਵਸਤੂ ਲਿਖੋ।

ਜਾਂ

'ਕੁੱਖੜ' ਨਿਬੰਧ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ। 10

3. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਰਚਨਾ ਕਰੋ :

a2zpapers.com

(ੳ) ਰਾਜਨੀਤੀ

(ਅ) ਸੋਸ਼ਲ ਮੀਡੀਆ

(ੲ) ਵਿਦਿਆ 5

4. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰੋ ਅਤੇ ਸਿਰਲੇਖ ਵੀ ਦਿਓ :

ਮਨ ਦੀ ਅਵਸਥਾ ਦਾ ਮਨੁੱਖੀ ਸਵਾਸਥ, ਬੁੱਢੇ ਹੋਣ ਦੀ ਪ੍ਰਕਿਰਿਆ, ਲੰਮੀਂ ਉਮਰ ਅਤੇ ਦਿਲ ਦੇ ਦੌਰਿਆਂ ਅਤੇ ਕੈਂਸਰ ਵਰਗੀਆਂ ਕੁਝ ਮਾਰੂ ਘਟਨਾਵਾਂ ਦੇ ਵਾਪਰਣ ਨਾਲ ਡੂੰਘਾ ਸੰਬੰਧ ਹੈ। ਖੁਸ਼ੀ ਅਤੇ ਉਦਾਸੀ ਬੰਦੇ ਦੇ ਮਨ ਦੀ ਅਵਸਥਾ ਦੇ ਪ੍ਰਗਟਾਅ ਹਨ। ਸਾਡੇ ਆਲੇ-ਦੁਆਲੇ ਦੇ ਮੌਸਮ, ਦਰਖ਼ਤ ਅਤੇ ਫੁੱਲ ਉਹੀ ਹੁੰਦੇ ਹਨ ਪਰ ਅਸੀਂ ਕਦੀ ਤਾਂ ਇਹਨਾਂ ਦਾ ਆਨੰਦ ਮਾਣਦੇ ਹਾਂ



a2zpapers.com
www.a2zpapers.com
We provide GNDU question papers, PTU question papers, PU question papers,

a2zpapers.com
a2zpapers.com

a2zpapers.com

ਅਤੇ ਕਿਸੇ ਦੂਜੇ ਸਮੇਂ ਅਸੀਂ ਪ੍ਰਕਿਰਤੀ ਦੀਆਂ ਇਹਨਾਂ ਨਿਆਮਤਾਂ ਵੱਲੋਂ ਬੇਧਿਆਨ ਹੋਏ ਰਹਿੰਦੇ ਹਾਂ। ਸਿਆਸਤਦਾਨ ਜਦੋਂ ਸੱਤਾ ਵਿੱਚ ਹੋਣ ਤਾਂ ਨੌਜਵਾਨ ਅਤੇ ਵਧੇਰੇ ਚੁਸਤ-ਫੁਰਤ ਹੋ ਜਾਂਦੇ ਹਨ। ਪਰ ਜਦੋਂ ਸੱਤਾ ਵਿੱਚ ਨਾ ਰਹਿਣ ਤਾਂ ਉਹ ਇਕਦਮ ਬੁੱਢੇ ਲੱਗਣੇ ਸ਼ੁਰੂ ਹੋ ਜਾਂਦੇ ਹਨ ਅਤੇ ਉਹਨਾਂ ਦੀ ਚਮੜੀ ਦੀ ਚਮਕ ਦੀ ਥਾਂ ਝੁਰੜੀਆਂ ਲੈ ਲੈਂਦੀਆਂ ਹਨ। ਸ਼ਕਤੀਸ਼ਾਲੀ ਅਹੁਦਿਆਂ ਉੱਤੇ ਬੈਠੇ ਅਫ਼ਸਰਾਂ ਨਾਲ ਵੀ ਇਹੀ ਕੁਝ ਵਾਪਰਦਾ ਹੈ। ਜਦੋਂ ਉਹ ਸ਼ਕਤੀਸ਼ਾਲੀ ਅਹੁਦਿਆਂ ਉੱਤੇ ਬੈਠੇ ਹੁੰਦੇ ਹਨ ਉਦੋਂ ਅਤੇ ਜਦੋਂ ਉਹ ਸੇਵਾ-ਮੁਕਤ ਹੋ ਜਾਂਦੇ ਹਨ ਉਦੋਂ, ਉਹਨਾਂ ਨੂੰ ਨੇੜਿਉਂ ਦੇਖਣਾ ਬੜਾ ਦਿਲਚਸਪ ਨਿਰੀਖਣ ਬਣਦਾ ਹੈ। ਜਿਨ੍ਹਾਂ ਨੂੰ ਸੇਵਾ-ਮੁਕਤ ਹੋਣ ਤੋਂ ਜਲਦੀ ਮਗਰੋਂ ਕੋਈ ਬਦਲਵੀਆਂ ਚੰਗੀਆਂ ਪੁਜ਼ੀਸ਼ਨਾਂ ਨਹੀਂ ਮਿਲਦੀਆਂ, ਉਹਨਾਂ ਵਿਚੋਂ ਕੁਝ ਉੱਤੇ ਰਾਤੋ-ਰਾਤ ਬੁਢੇਪੇ ਦਾ ਅਮਲ ਛਾ ਜਾਂਦਾ ਹੈ, ਅਤੇ ਇਸ ਦੌਰ ਦੇ ਆਸ-ਪਾਸ ਦਿਲ ਦੇ ਦੌਰੇ ਪੈਣਾ ਕੋਈ ਅਣਹੋਣੀ ਗੱਲ ਨਹੀਂ। 5

5. ਕਿਰਿਆ ਵਾਕੰਸ਼ ਦੀਆਂ ਕਿਸਮਾਂ ਬਾਰੇ ਜਾਣਕਾਰੀ ਦਿਓ।

**ਜਾਂ**

a2zpapers.com

ਕਾਰਕੀ ਸੰਬੰਧ ਕੀ ਹੁੰਦੇ ਹਨ ? ਉਦਾਹਰਨਾਂ ਦੇ ਕੇ ਸਪੱਸ਼ਟ ਕਰੋ। 10

6. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(ੳ) ਖੁਸ਼ਾਮਦੀ ਤੋਂ ਕੀ ਭਾਵ ਹੈ ?

(ਅ) ਮਨੁੱਖ ਕੁਦਰਤ ਦੀ ਨੇਕ ਔਲਾਦ ਕਿਉਂ ਨਹੀਂ ?

(ੲ) 'ਉਹ ਸੋਚਦੀ' ਕਹਾਣੀ ਦਾ ਮੁੱਖ ਵਿਸ਼ਾ ਕੀ ਹੈ ?

(ਸ) 'ਫੈਸਲਾ' ਕਹਾਣੀ ਦੇ ਸਿਰਲੇਖ ਤੋਂ ਕੀ ਭਾਵ ਹੈ ?

(ਹ) 'ਕਾਲਾ ਬਾਪ ਗੋਰਾ ਬਾਪ' ਕਹਾਣੀ ਦੇ ਪ੍ਰਮੁੱਖ ਪਾਤਰਾਂ ਦੇ ਨਾਮ ਦੱਸੋ। 5×2=10



a2zpapers.com

www.a2zpapers.com

We provide GNDU question papers, PTU question papers, PU question papers